# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 7

# ਕੀਟਨਾਸ਼ਕਾਂ ਨਾਲ ਕੰਮ ਕਰਨ ਵਾਲੇ ਕੱਪੜਿਆਂ ਨੂੰ ਧੋਣਾ

**ਜੇ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਕਰ ਰਹੇ ਹੋ, ਤਾਂ ਤੁਹਾਡੇ ਕੰਮ ਵਾਲੇ ਕੱਪੜਿਆਂ ਤੇ ਕੀਟਨਾਸ਼ਕ ਪੈ ਸਕਦੇ ਹਨ।** ਭਾਵੇਂ ਤੁਸੀਂ ਆਪਣੇ ਕੱਪੜਿਆਂ ਉਪਰ ਕਵਰਆਲ ਅਤੇ ਹੋਰ ਨਿੱਜੀ ਸੁਰੱਖਿਆ ਉਪਕਰਣ (PPE) ਪਾਏ ਹੋਣ।

ਇਹ ਲੀਫ਼ਲੈਟ (ਪਰਚਾ) ਤੁਹਾਨੂੰ ਦੱਸਦਾ ਹੈ ਕਿ ਤੁਸੀਂ ਆਪਣੇ ਕੰਮ ਵਾਲੇ ਕੱਪੜੇ ਕਿਸ ਤਰ੍ਹਾਂ ਸਾਫ਼ ਕਰਨੇ ਹਨ। ਇਹ ਤੁਹਾਡੇ ਮਾਲਿਕ ਦਾ ਕੰਮ ਹੈ ਕਿ ਉਹ ਤੁਹਾਡੇ ਨਿੱਜੀ ਸੁਰੱਖਿਆ ਉਪਕਰਣ (PPE) ਨੂੰ ਸਾਫ਼ ਕਰਵਾਏ। ਜੇ ਤੁਸੀਂ ਆਪਣੇ ਕਪੜੇ ਨਹੀਂ ਧੋਂਦੇ, ਤਾਂ ਉਨ੍ਹਾਂ ’ਤੇ ਲਗੇ ਕੀਟਨਾਸ਼ਕ ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਬੀਮਾਰ ਕਰ ਸਕਦੇ ਹਨ। ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨ ਨਾਲ ਤੁਹਾਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਕਰਨ ਵਿੱਚ ਮਦਦ ਮਿਲੇਗੀ।

## ਕੰਮ ਦੇ ਕੱਪੜੇ ਹਰ ਰੋਜ਼ ਧੋਵੋ

ਜਿਨ੍ਹਾਂ ਕੱਪੜਿਆਂ ਤੇ ਕੀਟਨਾਸ਼ਕ ਪਏ ਹੋਣ, ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ, ਧੋਵੋ। ਉਨ੍ਹਾਂ ਨੂੰ ਧੋਣ ਵਿੱਚ ਜਿੰਨੀ ਜ਼ਿਆਦਾ ਦੇਰ ਕਰੋਗੇ, ਕੀਟਨਾਸ਼ਕਾਂ ਨੂੰ ਸਾਫ਼ ਕਰਨ ਦਾ ਕੰਮ ਉਨ੍ਹਾਂ ਹੀ ਮੁਸ਼ਕਲ ਹੋ ਜਾਏਗਾ। ਅਤੇ ਜੇ ਤੁਸੀਂ ਇਹ ਕੱਪੜੇ ਪਾਈ ਰੱਖਦੇ ਹੋ, ਤਾਂ ਉਹਨਾਂ ਤੇ ਹੋਰ ਕੀਟਨਾਸ਼ਕ ਪੈ ਜਾਣਗੇ ਤਾਂ ਤੁਸੀਂ ਬੀਮਾਰ ਹੋ ਸਕਦੇ ਹੋ, ਕਿਉਂਕਿ ਤੁਹਾਡੀ ਚਮੜੀ ਰਾਹੀਂ ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਚਲੇ ਜਾਣਗੇ।

### ਆਪਣੇ ਕੱਪੜੇ ਧੋਣ ਤੋਂ ਪਹਿਲਾਂ:

- ਜੇ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪਾਉਡਰ, ਉਸ ਦੇ ਦਾਣੇ ਜਾਂ ਮਿੱਟੀ ਪਈ ਹੋਵੇ, ਤਾਂ ਉਹਨਾਂ ਨੂੰ ਕੰਮ ਖ਼ਤਮ ਕਰਕੇ ਝਾੜ ਲਓ। ਆਪਣੇ ਕਫ ਅਤੇ ਜੇਬਾਂ ਵੱਲ ਵਿਸ਼ੇਸ਼ ਧਿਆਨ ਦਿਉ।
- ਕੀਟਨਾਸਕਾਂ ਵਾਲੇ ਸਾਰੇ ਕੱਪੜਿਆਂ ਨੂੰ (ਅੰਡਰਵੀਅਰ ਸਮੇਤ) ਪਲਾਸਟਿਕ ਦੇ ਬੰਦ ਥੈਲਿਆਂ ਵਿੱਚ ਰੱਖੋ, ਜਦੋਂ ਤਕ ਤੁਸੀਂ ਕੱਪੜੇ ਧੋਣ ਲਈ ਤਿਆਰ ਨਾ ਹੋਵੋ। ਬੈਗਾਂ ਨੂੰ ਆਪਣੇ ਘਰ ਦੇ ਬਾਹਰ ਰੱਖੋ ਅਤੇ ਯਕੀਨੀ ਬਣਾਉ ਕਿ ਬੱਚੇ ਅਤੇ ਪਾਲਤੂ ਜਾਨਵਰ ਬੈਗਾਂ ਤਕ ਨਾ ਪੁੱਜਣ।
- ਜਿਹੜਾ ਵਿਅਕਤੀ ਘਰ ਦੇ ਕੱਪੜੇ ਧੋਂਦਾ ਹੈ, ਉਸਨੂੰ ਦੱਸੋ ਕਿ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪਏ ਹੋਏ ਹਨ। ਇਹ ਦੱਸੋ ਕਿ ਉਹਨਾਂ ਨੂੰ ਕਿਸ ਤਰ੍ਹਾਂ ਸਾਫ਼ ਕਰਨਾ ਹੈ।

ਤੁਸੀਂ ਚਮੜੇ ਦੀਆਂ ਚੀਜ਼ਾਂ ਜਿਵੇਂ ਕਿ ਘੜੀ ਦੇ ਪੱਟਿਆਂ, ਬੈਲਟਾਂ ਅਤੇ ਬੂਟਾਂ ਦੇ ਸਾਰੇ ਕੀਟਨਾਸ਼ਕਾਂ ਨੂੰ ਨਹੀਂ ਹਟਾ ਸਕਦੇ। ਜੇ ਇਹਨਾਂ ਤੇ ਕੀਟਨਾਸ਼ਕ ਪੈ ਜਾਣ ਤਾਂ ਇਹਨਾਂ ਨੂੰ ਤੁਹਾਨੂੰ ਸੁੱਟ ਦੇਣਾ ਚਾਹੀਦਾ ਹੈ। ਜੇ ਤੁਸੀ ਉਨ੍ਹਾਂ ਨੂੰ ਮੁੜ ਪਾਉਗੇ ਤਾਂ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਤੁਹਾਡੇ ਸਰੀਰ ਵਿੱਚ ਜਾ ਸਕਦੇ ਹਨ।

**ਕੀਟਨਾਸ਼ਕਾਂ ਨਾਲ ਕੰਮ ਕਰਨ ਵਾਲੇ ਕੱਪੜਿਆਂ ਨੂੰ ਧੋਣਾ**



- ਰਬੜ ਦੇ ਦਸਤਾਨੇ ਪਾਉ
- ਉਹਨਾਂ ਨੂੰ ਹੋਰ ਕੱਪੜਿਆਂ ਤੋਂ ਵੱਖਰਾ ਰੱਖੋ
- ਪਹਿਲਾਂ ਤੋਂ ਭਿਉਂ ਕੇ ਧੋਣ (ਪ੍ਰੀ-ਸੋਕ) ਦਾ ਤਰੀਕਾ ਵਰਤੋ ਜਾਂ ਦੋ ਵਾਰੀ ਧੋਵੋ
- ਸਭ ਤੋਂ ਉੱਚੀ ਪਾਣੀ ਦੀ ਲੈਵਲ ਵਰਤੋ
- ਕੱਪੜੇ ਬਹੁਤ ਗਰਮ ਪਾਣੀ ਵਿੱਚ ਪਾਉ, ਮਸ਼ੀਨ ਦਾ ਪੂਰਾ ਚੱਕਰ ਚਲਾਓ
- ਅਸਰਦਾਰ ਡਿਟਰਜੈਂਟ (ਕੱਪੜੇ ਧੋਣ ਵਾਲਾ ਪਾਉਡਰ) ਦਾ ਇਸਤੇਮਾਲ ਕਰੋ
- ਜੇ ਸੰਭਵ ਹੋਵੇ, ਤਾਂ ਕੱਪੜਿਆਂ ਨੂੰ ਬਾਹਰ ਤਾਰ ਤੇ ਸੁਕਣੇ ਪਾਉ
- ਵਾਸ਼ਿੰਗ ਮਸ਼ੀਨ ਨੂੰ ਕੱਪੜਿਆਂ ਤੋਂ ਬਿਨਾਂ ਚੰਗੀ ਤਰ੍ਹਾਂ ਚਲਾਕੇ ਸਾਫ਼ ਕਰੋ

ਜਦੋਂ ਤੁਸੀਂ ਕੰਮ ਤੋਂ ਘਰ ਵਾਪਸ ਆਉਂਦੇ ਹੋ, ਤਾਂ ਆਪਣੇ ਪਰਿਵਾਰ ਨੂੰ ਆਪਣੇ ਕੰਮ ਵਾਲੇ ਕੱਪੜੇ ਬਦਲਣ ਤੋਂ ਪਹਿਲਾਂ ਨਾ ਛੂਹੋ ਜਾਂ ਮਿਲੋ। ਨਹਾਉ ਅਤੇ ਆਪਣੇ ਵਾਲ ਧੋਵੋ, ਇਸ ਨਾਲ ਤੁਹਾਡਾ ਪਰਿਵਾਰ ਕੀਟਨਾਸ਼ਕਾਂ ਤੋਂ ਸੁਰੱਖਿਅਤ ਰਹੇਗਾ।

ਸੁਰੱਖਿਆ ਕ੍ਰਮ

7

ਜਿਨ੍ਹਾਂ ਕੱਪੜਿਆਂ ਤੇ ਕੀਟਨਾਸ਼ਕ ਲਗਿਆ ਹੋਇਆ ਹੋਵੇ, ਉਨ੍ਹਾਂ ਨੂੰ ਘਰ ਦੇ ਹੋਰ ਧੋਣ ਵਾਲੇ ਕੱਪੜਿਆਂ ਵਿੱਚ ਨਾ ਰਲਾਓ। ਉਨ੍ਹਾਂ ਨੂੰ ਵੱਖਰਿਆਂ ਧੋਣਾ ਜ਼ਰੂਰੀ ਹੈ।

## ਜਦੋਂ ਤੁਸੀਂ ਆਪਣੇ ਕੱਪੜੇ ਧੋਂਦੇ ਹੋ:

- ਕੀਟਨਾਸ਼ਕਾਂ ਵਾਲੇ ਕੱਪੜੇ ਪਰਿਵਾਰ ਦੇ ਹੋਰ ਕੱਪੜਿਆਂ ਨਾਲ ਨਾ ਰਲਾਉ। ਉਹਨਾਂ ਨੂੰ ਵੱਖਰਿਆਂ ਧੋਣਾ ਚਾਹੀਦਾ ਹੈ ਨਹੀਂ ਤਾਂ ਕੀਟਨਾਸ਼ਕ ਤੁਹਾਡੇ ਪਰਿਵਾਰ ਦੇ ਕੱਪੜਿਆਂ ਵਿੱਚ ਜਾਕੇ ਉਹਨਾਂ ਨੂੰ ਵੀ ਬੀਮਾਰ ਕਰ ਸਕਦੇ ਹਨ।
- ਪਲਾਸਟਿਕ ਬੈਗ ਤੋਂ ਕੱਪੜਿਆਂ ਨੂੰ ਬਿਨਾਂ ਛੂਹੇ ਸਿੱਧੇ ਵਾਸ਼ਿੰਗ ਮਸ਼ੀਨ ਵਿੱਚ ਪਾਣ ਦੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਕੱਪੜਿਆਂ ਨੂੰ ਛੂਹਣਾ ਪਏ ਤਾਂ ਰਬੜ ਦੇ ਦਸਤਾਨੇ ਪਾਉ। ਦਸਤਾਨੇ ਧੋਵੋ, ਉਨ੍ਹਾਂ ਨੂੰ ਉਤਾਰੋ, ਅਤੇ ਸੁੱਟ ਦਿਉ। ਆਪਣੀਆਂ ਬਾਹਾਂ ਤੇ ਹੱਥਾਂ ਨੂੰ ਧੋਵੋ।
- ਵਾਸ਼ਿੰਗ ਮਸ਼ੀਨ ਵਿੱਚ ਇਕ ਵੇਲੇ ਥੋੜੇ ਕੱਪੜੇ ਪਾਉ, ਬਹੁਤ ਦੇਰ ਤਕ ਚਲਾਓ ਅਤੇ ਇਕ ਅਸਰਦਾਰ ਡਿਟਰਜੈਂਟ ਅਤੇ **ਬਹੁਤ ਗਰਮ ਪਾਣੀ** ਇਸਤੇਮਾਲ ਕਰੋ। ਠੰਡੇ ਪਾਣੀ ਨਾਲ ਕੀਟਨਾਸ਼ਕ ਸਹੀ ਤਰ੍ਹਾਂ ਸਾਫ਼ ਨਹੀਂ ਹੁੰਦੇ। ਜੇ ਚਾਹੁੰਦੇ ਹੋ ਤਾਂ ਰੰਗ ਕਾਟ ਪਾਉਡਰ (ਬਲੀਚ) ਦਾ ਇਸਤੇਮਾਲ ਕਰ ਸਕਦੇ ਹੋ, ਪਰ ਇਸ ਨਾਲ ਕੀਟਨਾਸ਼ਕ ਪੂਰੀ ਤਰ੍ਹਾਂ ਸਾਫ਼ ਕਰਨ ਵਿੱਚ ਸਹਾਇਤਾ ਨਹੀਂ ਮਿਲੇਗੀ।

## ਕੀਟਨਾਸ਼ਕਾਂ ਵਾਲੇ ਕੰਮ ਦੇ ਕੱਪੜਿਆਂ ਨੂੰ ਧੋਣਾ:

1. ਰਬੜ ਦੇ ਦਸਤਾਨੇ ਪਾਉ।
2. ਕੀਟਨਾਸ਼ਕਾਂ ਵਾਲੇ ਕੱਪੜੇ ਹੋਰ ਕੱਪੜਿਆਂ ਤੋਂ ਵੱਖਰੇ ਰੱਖੋ।
3. ਕੱਪੜਿਆਂ ਨੂੰ ਪਹਿਲਾਂ ਭਿਉਣ (ਪ੍ਰੀ-ਸੋਕ) ਦਾ ਤਰੀਕਾ ਵਰਤੋ ਜਾਂ ਦੋ ਵਾਰੀ ਧੋਵੋ।
4. ਬਹੁਤ ਜ਼ਿਆਦਾ ਪਾਣੀ ਇਸਤੇਮਾਲ ਕਰੋ।
5. ਬਹੁਤੇ ਗਰਮ ਪਾਣੀ ਵਿੱਚ ਮਸ਼ੀਨ ਦਾ ਪੂਰਾ ਚੱਕਰ ਲਗਾਉ।
6. ਅਸਰਦਾਰ ਡਿਟਰਜੈਂਟ (ਕੱਪੜੇ ਧੋਣ ਵਾਲਾ ਪਾਉਡਰ) ਵਰਤੋ।
7. ਜੇ ਸੰਭਵ ਹੋਵੇ, ਤਾਂ ਕੱਪੜਿਆਂ ਨੂੰ ਬਾਹਰ ਲਾਈਨ ਜਾਂ ਤਾਰ ਤੇ ਸੁਕਾਉ।
8. ਬਾਅਦ ਵਿੱਚ ਮਸ਼ੀਨ ਨੂੰ ਸਾਫ ਕਰਨ ਲਈ ਬਿਨਾਂ ਕੱਪੜਿਆਂ ਦੇ ਚਲਾਉ।

## ਆਪਣੇ ਕੱਪੜੇ ਧੋਣ ਦੇ ਬਾਅਦ:

- ਵਾਸ਼ਿੰਗ ਮਸ਼ੀਨ ਨੂੰ ਮੁੜ ਇਸੇਮਾਤਲ ਕਰਨ ਲਈ, ਬਿਨਾਂ ਕੱਪੜਿਆਂ ਦੇ ਚਲਾਕੇ ਮਸ਼ੀਨ ਨੂੰ ਸਾਫ ਕਰੋ— ਉਸ ਵਿੱਚ ਸਿਰਫ਼ ਗਰਮ ਪਾਣੀ ਅਤੇ ਡਿਟਰਜੈਂਟ ਪਾਉ।
- ਜੇ ਸੰਭਵ ਹੋਵੇ, ਕੱਪੜਿਆਂ ਨੂੰ ਬਾਹਰ ਤਾਰ ਤੇ ਸੁਕਾਉ। ਜੇ ਕੋਈ ਕੀਟਨਾਸ਼ਕ ਰਹਿ ਗਿਆ ਹੈ, ਤਾਂ ਧੁੱਪ ਨਾਲ ਉਨ੍ਹਾਂ ਤੋਂ ਛੁਟਕਾਰਾ ਮਿਲੇਗਾ।
- ਜੇ ਤੁਸੀਂ ਇਕ ਡਰਾਇਰ ਵਿੱਚ ਕੱਪੜੇ ਸੁਕਾਂਦੇ ਹੋ, ਤਾਂ ਉਨੀ ਦੇਰ ਤਕ ਚਲਣ ਦਿਉ ਜਦ ਤਕ ਕੱਪੜੇ ਪੂਰੀ ਤਰ੍ਹਾਂ ਸੁਕ ਨਹੀਂ ਜਾਂਦੇ। ਫਿਰ ਖਾਲੀ ਡਰਾਇਰ ਨੂੰ 10 ਮਿੰਟ ਲਈ ਚਲਾਉ।



## ਮੈਂ ਕੱਪੜਿਆਂ ’ਤੇ ਕੀਟਨਾਸ਼ਕ ਡੋਲ੍ਹ ਲੈਂਦਾ ਹਾਂ, ਤਾਂ ਕੀ ਹੋਏਗਾ ?

ਜੇ ਤੁਸੀਂ ਕੱਪੜਿਆਂ ਤੇ ਕੀਟਨਾਸ਼ਕ ਡੋਲ ਲੈਂਦੇ ਹੋ, ਤਾਂ ਉਨ੍ਹਾਂ ਨੂੰ **ਫੌਰਨ** ਲਾਹ ਦਿਉ। ਜੇ ਕੱਪੜਿਆਂ ਵਿੱਚ ਤੁਸੀਂ ਸੰਘਣੇ ਰੂਪ ਵਿੱਚ ਕੀਟਨਾਸ਼ਕ ਪਹੁੰਚ ਗਿਆ ਹੈ, ਤਾਂ ਕਪੱੜੇ ਫੌਰਨ ਲਾਹ ਦਿਉ। ਉਹਨਾਂ ਨੂੰ ਸਾਫ ਕਰਨ ਦੀ ਕੋਸ਼ਿਸ਼ ਨਾ ਕਰੋ। ਉਹਨਾਂ ਨੂੰ ਇਕ ਪਾਸੇ **ਸੁੱਟ ਦਿਉ**। ਇਹ ਕੰਮ ਕਰਨ ਲਈ ਤੁਸੀਂ ਸਟੇਟ ਦੇ ਅਤੇ ਸਥਾਨਕ ਨਿਯਮਾਂ ਦੀ ਪਾਲਣਾ ਕਰੋ (ਇਸ ਬਾਰੇ ਆਪਣੇ ਮਾਲਿਕ ਨੂੰ ਪੁੱਛੋ)।

## ਨਿੱਜੀ ਸੁਰੱਖਿਆ ਉਪਕਰਣ [Personal Protective Equipment (PPE)] ਨੂੰ ਕਿਸ ਤਰ੍ਹਾਂ ਸਾਫ਼ ਕੀਤਾ ਜਾਏ ?

ਇਹ ਤੁਹਾਡਾ ਮਾਲਿਕ ਦਾ ਕੰਮ ਹੈ ਕਿ ਉਹ ਤੁਹਾਡਾ ਕਵਰਆਲ ਅਤੇ ਦੂਜੇ ਨਿੱਜੀ ਸੁਰੱਖਿਆ ਉਪਕਰਣਾਂ ਨੂੰ ਸਾਫ਼ ਕਰਵਾਏ ਜਾਂ PPE ਕੰਮ ਤੇ ਧੋਣ ਦੀ ਤੁਹਾਨੂੰ ਟਰੇਨਿੰਗ ਮਿਲਣੀ ਚਾਹੀਦੀ ਹੈ। PPE ਨੂੰ **ਕਦੀ** ਘਰ **ਨਾ** ਲੈ ਜਾਉ।

ਤੁਹਾਡੇ ਸੁਪਰਵਾਈਜ਼ਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਵਾਲੇ ਕੱਪੜੇ, ਦਿਨ ਦਾ ਕੰਮ ਖ਼ਤਮ ਹੋਣ ਤੇ ਬਦਲ ਕੇ ਆਪਣੇ ਸਰੀਰ ਨੂੰ ਧੋਵੋਗੇ। ਤੁਸੀਂ ਕਵਰਆਲ ਘਰ ਲੈਕੇ ਨਹੀਂ ਜਾਉਗੇ।

ਜੇ ਤੁਸੀਂ ਦਿਨ ਦੇ ਕੰਮ ਬਾਅਦ ਆਪਣੇ ਮਾਲਿਕ ਦੇ ਹੈਡਕੁਆਰਟਰ ਨਹੀਂ ਜਾਂਦੇ, ਤੁਹਾਨੂੰ ਕਵਰਆਲ ਲਾਹ ਦੇਣੇ ਚਾਹੀਦੇ ਹਨ ਅਤੇ ਇਕ ਪਲਾਸਟਿਕ ਬੈਗ ਵਿੱਚ ਪਾ ਦਿਉ ਅਤੇ ਬੈਗ ਆਪਣੇ ਘਰ ਦੇ ਬਾਹਰ ਵਾਰ ਰੱਖੋ। ਸਾਫ ਕਰਨ ਲਈ ਆਪਣੇ ਮਾਲਿਕ ਨੂੰ ਵਾਪਸ ਕਰੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DDPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**